ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

ਸੇਵਾ ਵਿਖੇ

1. ਡਾਇਰੈਕਟਰ,ਸਿੱਖਿਆ ਵਿਭਾਗ (ਸੈ:ਸਿ/ਐਸਿ), ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਅਜੀਤਗੜ੍ਹ।
2. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਅਜੀਤਗੜ੍ਹ।
3. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ।
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ: 11/9/2013-2ਸਿ4/ 16985 5/1-4
ਮਿਤੀ, ਚੰਡੀਗੜ੍ਹ: 25/2/14

ਵਿਸ਼ਾ:- ਨੈਸਨਲ/ਸਟੇਟ ਐਵਾਰਡ ਪ੍ਰਾਪਤ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾ ਕਾਲ ਵਿਚ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 8.10.2012 ਅਤੇ 20.9.2013 ਅਨੁਸਾਰ ਵਾਧਾ ਲੈਣ ਬਾਰੇ।

***

ਉਪਰੋਕਤ ਵਿਸੇ ਦੇ ਸਬੰਧ ਵਿਚ।

2. ਮਿਤੀ 31.10.2012 ਤੋਂ ਬਾਅਦ ਰਿਟਾਇਰ ਹੋਣ ਵਾਲੇ ਨੈਸਨਲ/ਸਟੇਟ ਐਵਾਰਡ ਪ੍ਰਾਪਤ ਅਧਿਕਾਰੀਆਂ/ਕਰਮਚਾਰੀਆਂ ਨੂੰ ਨੈਸਨਲ/ਸਟੇਟ ਐਵਾਰਡੀ ਹੋਣ ਵਜੋਂ ਉਨ੍ਹਾਂ ਦੇ ਸੇਵਾ ਕਾਲ ਵਿਚ 2/1 ਸਾਲ ਦੇ ਵਾਧੇ/ਮੁੜ ਨਿਯੁਕਤੀ ਉਪਰੰਤ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 8.10.2012 ਅਤੇ 20.9.2013 ਅਨੁਸਾਰ ਉਨ੍ਹਾਂ ਦੇ ਸੇਵਾ ਕਾਲ ਵਿਚ ਦੋ ਸਾਲ ਦਾ ਹੋਰ ਵਾਧਾ ਲੈਣ ਦੇ ਮਾਮਲੇ ਸਬੰਧੀ ਵਿੱਤ ਵਿਭਾਗ ਤੋਂ ਹੇਠ ਲਿਖੇ ਅਨੁਸਾਰ ਸਲਾਹ ਪ੍ਰਾਪਤ ਹੋਈ ਹੈ:-

"ਪ੍ਰਬੰਧਕੀ ਵਿਭਾਗ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਵਿੱਤ ਵਿਭਾਗ ਵਲੋ ਪੱਤਰ ਨੰਬਰ 22/2/2012-3ਐਫਪੀ2/475 ਮਿਤੀ 8.10.2012 ਅਤੇ ਨੰਬਰ 22/3/2012-3ਐਫਪੀ/471 ਮਿਤੀ 20.9.2013 ਰਾਂਹੀ ਜਾਰੀ ਹਦਾਇਤਾਂ ਦੁਆਰਾ ਦਿੱਤੇ ਦੋ ਸਾਲ ਦੇ ਵਾਧੇ ਉਪਰੰਤ ਨੈਸਨਲ ਐਵਾਰਡ ਪ੍ਰਾਪਤ ਟੀਚਰਾਂ ਦੇ ਸੇਵਾਕਾਲ ਵਿਚ ਦੋ ਸਾਲ ਦਾ ਹੋਰ ਵਾਧਾ ਕਰਨ ਲਈ ਵਿੱਤ ਵਿਭਾਗ ਦੀ ਸਹਿਮਤੀ ਇਸ ਸਰਤ ਤੇ ਦਿੱਤੀ ਜਾਂਦੀ ਹੈ ਕਿ ਇਹ ਵਾਧਾ ਮਾਨਸਿਕ ਅਤੇ ਸਰੀਰਕ ਤੌਰ ਤੇ ਫਿੱਟ ਟੀਚਰਾਂ ਨੂੰ ਹੀ ਦਿੱਤਾ ਜਾਵੇਗਾ ਅਤੇ ਇਸ ਵਾਧੇ ਦੌਰਾਨ ਵੀ ਉਨ੍ਹਾਂ ਦੀ ਤਨਖਾਹ ਪੰਜਾਬ ਸੀ.ਐਸ.ਆਰ. ਦੇ ਨਿਯਮ 3.26 (b) ਦੇ ਉਪਬੰਧਾਂ ਅਨੁਸਾਰ ਹੀ ਰੈਗੂਲੇਟ ਕੀਤੀ ਜਾਵੇਗੀ ਅਰਥਾਤ ਉਹ ਵੱਧ-ਵਰ੍ਹਾ ਸੇਵਾ ਨਿਵਿਰਤੀ ਦੀ ਮਿਤੀ ਨੂੰ ਮਿਲਣਯੋਗ ਆਖਰੀ ਤਨਖਾਹ ਦੇ ਬਰਾਬਰ ਤਨਖਾਹ ਲੈਣਗੇ, ਜਿਸ ਉੱਤੇ ਨਿਯਮਾਂ ਅਨੁਸਾਰ ਸਮੇਂ ਸਮੇਂ ਤੇ ਬਣਦੇ ਭੱਤੇ ਵੀ ਮਿਲਣਯੋਗ ਹੋਣਗੇ।"

3. ਇਸ ਉਪਰੰਤ ਮਾਮਲਾ ਕਲੈਰੀਫਿਕੇਸਨ ਲੈਣ ਲਈ ਵਿੱਤ ਵਿਭਾਗ ਨਾਲ ਦੁਬਾਰਾ ਟੇਕ ਅੱਪ ਕੀਤਾ

ਗਿਆ। ਜਿਸ ਸਬੰਧੀ ਵਿੱਤ ਵਿਭਾਗ ਵਲੋਂ ਹੇਠ ਲਿਖੇ ਅਨੁਸਾਰ ਕਲੈਰੀਫਿਕਸੇਨ ਦਿੱਤੀ ਗਈ ਹੈ:-

" ਵਿੱਤ ਵਿਭਾਗ ਨੈਸਨਲ ਐਵਾਰਡੀ/ਸਟੇਟ ਐਵਾਰਡੀ ਟੀਚਰਾਂ ਨੂੰ ਨਿਯਮ 3.26 ਵਿੱਚ ਢਿੱਲ ਦੇ ਕੇ 2 ਸਾਲ ਦਾ ਵਾਧਾ ਦੇਣ ਦੀ ਆਪਸਨ ਇਸ ਸਰਤ ਤੇ ਦੇਣ ਲਈ ਸਹਿਮਤ ਹੈ ਕਿ ਉਹਨਾਂ ਦੇ ਸੇਵਾਕਾਲ ਦੇ ਸਮੁੱਚੇ ਵਾਧੇ ਦਾ ਸਮਾਂ ਨੈਸਨਲ/ਸਟੇਟ ਐਵਾਰਡੀ ਵਜੋਂ ਪ੍ਰਾਪਤ ਕੀਤੇ ਵਾਧੇ ਸਮੇਤ 4 ਸਾਲ ਹੋਵੇਗਾ ਅਤੇ ਵਾਧੇ ਦੇ ਸਮੁੱਚੇ ਸਮੇਂ ਦੌਰਾਨ ਉਹ ਓਹੀ ਤਨਖਾਹ ਪ੍ਰਾਪਤ ਕਰਨ ਲਈ ਤਿਆਰ ਹੋਣਗੇ ਜਿਹੜੀ ਕਿ ਉਹ ਆਪਣੀ 58 ਸਾਲ ਦੀ ਉਮਰ ਪੂਰੀ ਹੋਣ ਸਮੇਂ ਡਰਾਅ ਕਰ ਰਹੇ ਸਨ ਅਤੇ ਇਸ ਤੋਂ ਵੱਧ ਕੀਤੀ ਗਈ ਅਦਾਇਗੀ ਵਸੂਲਣਯੋਗ ਹੋਵੇਗੀ। "

4. ਉਪਰੋਕਤ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ ਕਿ ਨੈਸਨਲ/ਸਟੇਟ ਐਵਾਰਡ ਪ੍ਰਾਪਤ ਟੀਚਰਾਂ ਦੇ ਸੇਵਾਕਾਲ ਵਿਚ ਉਨ੍ਹਾਂ ਦੀ ਸੇਵਾ ਨਿਵਿਰਤੀ ਉਪਰੰਤ ਦੋ ਸਾਲ ਦਾ ਹੋਰ ਵਾਧਾ ਮਾਨਸਿਕ ਅਤੇ ਸਰੀਰਕ ਤੌਰ ਤੇ ਫਿੱਟ ਟੀਚਰਾਂ ਨੂੰ ਹੀ ਮਿਲਣਯੋਗ ਹੋਵੇਗਾ ਅਤੇ ਇਸ ਵਾਧੇ ਦੌਰਾਨ ਵੀ ਉਨ੍ਹਾਂ ਦੀ ਤਨਖਾਹ ਪੰਜਾਬ ਸੀ.ਐਸ.ਆਰ. ਦੇ ਨਿਯਮ 3.26 (b) ਦੇ ਉਪਬੰਧਾਂ ਅਨੁਸਾਰ ਹੀ ਰੈਗੂਲੇਟ ਕੀਤੀ ਜਾਵੇਗੀ ਅਰਥਾਤ ਉਹ ਵੱਧ-ਵਰ੍ਹਾ ਸੇਵਾ ਨਿਵਿਰਤੀ ਦੀ ਮਿਤੀ ਨੂੰ ਮਿਲਣਯੋਗ ਆਖਰੀ ਤਨਖਾਹ ਦੇ ਬਰਾਬਰ ਤਨਖਾਹ ਲੈਣਗੇ, ਜਿਸ ਉੱਤੇ ਨਿਯਮਾਂ ਅਨੁਸਾਰ ਸਮੇਂ ਸਮੇਂ ਤੇ ਬਣਦੇ ਭੱਤੇ ਵੀ ਮਿਲਣਯੋਗ ਹੋਣਗੇ। ਇਸ ਤੋਂ ਇਲਾਵਾ ਜਿਹੜੇ ਅਧਿਕਾਰੀ/ਕਰਮਚਾਰੀ ਨੈਸਨਲ/ਸਟੇਟ ਐਵਾਰਡ ਪ੍ਰਾਪਤ ਕਰਨ ਉਪਰੰਤ ਵਾਧੇ ਤੇ ਚੱਲ ਰਹੇ ਸਨ ਅਤੇ ਉਨ੍ਹਾਂ ਦੀ ਵਾਧੇ ਉਪਰੰਤ ਸੇਵਾ ਨਿਵਿਰਤੀ ਮਿਤੀ 31.10.2012 ਤੋਂ ਬਾਅਦ ਸੀ, ਨੂੰ ਉਨ੍ਹਾਂ ਦੇ ਸੇਵਾ ਕਾਲ ਵਿਚ ਵਿੱਤ ਵਿਭਾਗ ਦੀ ਉਪਰੋਕਤ ਰਾਏ ਅਨੁਸਾਰ ਦੋ ਸਾਲ ਦਾ ਹੋਰ ਵਾਧਾ ਨਿਯਮ 3.26 ਵਿੱਚ ਢਿੱਲ ਦੇ ਕੇ ਆਪਸਨ ਇਸ ਸਰਤ ਤੇ ਦੇਣ ਲਈ ਵਿਚਾਰ ਕੀਤਾ ਜਾਵੇਗਾ ਕਿ ਉਹਨਾਂ ਦੇ ਸੇਵਾਕਾਲ ਦੇ ਸਮੁੱਚੇ ਵਾਧੇ ਦਾ ਸਮਾਂ ਨੈਸਨਲ/ਸਟੇਟ ਐਵਾਰਡੀ ਵਜੋਂ ਪ੍ਰਾਪਤ ਕੀਤੇ ਵਾਧੇ ਸਮੇਤ 4/3 ਸਾਲ ਹੋਵੇਗਾ ਅਤੇ ਵਾਧੇ ਦੇ ਸਮੁੱਚੇ ਸਮੇਂ ਦੌਰਾਨ ਉਹ ਓਹੀ ਤਨਖਾਹ ਪ੍ਰਾਪਤ ਕਰਨ ਲਈ ਤਿਆਰ ਹੋਣਗੇ ਜਿਹੜੀ ਕਿ ਉਹ ਆਪਣੀ 58 ਸਾਲ ਦੀ ਉਮਰ ਪੂਰੀ ਹੋਣ ਸਮੇਂ ਡਰਾਅ ਕਰ ਰਹੇ ਸਨ ਅਤੇ ਇਸ ਤੋਂ ਵੱਧ ਕੀਤੀ ਗਈ ਅਦਾਇਗੀ ਵਸੂਲਣਯੋਗ ਹੋਵੇਗੀ। ਇਸ ਸਬੰਧ ਵਿਚ ਹਾਸਲ ਕੀਤੀ ਜਾਣ ਵਾਲੀ ਆਪਸਨ ਦਾ ਨਮੂਨਾ ਅਨੁਲਗ *ਓ* ਤੇ ਨੱਥੀ ਕੀਤਾ ਜਾਂਦਾ ਹੈ।

5. ਇਹ ਹਦਾਇਤਾਂ ਆਪਣੇ ਅਧੀਨ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿਚ ਲਿਆ ਦਿੱਤੀਆਂ ਜਾਣ। ਹਦਾਇਤਾਂ ਅਨੁਸਾਰ ਕੇਸ ਵਿਚਾਰਨ ਸਮੇਂ ਸਬੰਧਤ ਕਰਮਚਾਰੀ ਤੋਂ ਉਪਰੋਕਤ ਪੈਰ੍ਹਾ-4 ਵਿਚ ਦਰਜ ਆਪਸਨ ਅਨੁਲਗ *ਓ* ਅਨੁਸਾਰ ਆਪਸਨ ਲੈਣ ਉਪਰੰਤ ਹੀ ਕੇਸ ਸਮਰੱਥ ਅਥਾਰਿਟੀ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

ਉੱਪ ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ:11/9/2013-2ਸਿ4/ 16985-55/5 ਮਿਤੀ,ਚੰਡੀਗੜ੍ਹ: 25/9/14

ਇਸਦਾ ਇੱਕ ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਸਰਵ ਸਿੱਖਿਆ ਅਭਿਆਨ ਦੀ ਵੈਬਸਾਈਟ ਤੇ ਅੱਪਲੋਡ ਕਰ ਦਿੱਤਾ ਜਾਵੇ।

ਉੱਪ ਸਕੱਤਰ ਸਕੂਲ ਸਿੱਖਿਆ

ਅੰਦਰੂਨੀ ਵੰਡ
ਸੁਪਰਡੰਟ, ਸਿੱਖਿਆ-1,2,3,5,6 ਅਤੇ 7 ਸਾਖਾ।

ਅਨੁਬੰਧ-'ਓ'

ਆਪਸ਼ਨ

ਮੈਂ ਸ੍ਰੀ/ਸ੍ਰੀਮਤੀ.....ਪੁੱਤਰ/ਪੁੱਤਰੀ ਸ੍ਰੀ.....ਅਹੁਦਾ.....ਦਫਤਰ/ਵਿਭਾਗ..... ਪੰਜਾਬ , ਸਰਕਾਰ ਦੇ ਪੱਤਰ ਨੰਬਰ 11/9/2013-2ਸਿ4/169855/1-4 ਮਿਤੀ 25.2.2014 ਅਨੁਸਾਰ ਬਤੌਰ ਨੈਸਨਲ/ਸਟੇਟ ਐਵਾਰਡ 02/1 ਸਾਲ ਦਾ ਵਾਧਾ ਲੈਣ ਉਪਰੰਤ ਵਿੱਤ ਵਿਭਾਗ ਦੇ ਪੱਤਰ ਮਿਤੀ 8.10.2012 ਅਤੇ 20.9.2013 ਅਨੁਸਾਰ ਹੋਰ ਵਾਧਾ ਲੈਣ ਲਈ ਆਪਣੀ ਆਪਸ਼ਨ ਦਿੰਦਾ/ਦਿੰਦੀ ਹਾਂ।

2. ਮੈਂ ਬਿਆਨ ਕਰਦਾ/ਕਰਦੀ ਹਾਂ ਮੈਨੂੰ ਸਿੱਖਿਆ ਵਿਭਾਗ ਦੇ ਉਪਰੋਕਤ ਪੱਤਰ ਨੰਬਰ 11/9/2013-2ਸਿ4/169855/1-4 ਮਿਤੀ 25.2.2014 ਵਿਚ ਵਿੱਤ ਵਿਭਾਗ ਦੀ ਸਲਾਹ ਅਨੁਸਾਰ ਸਾਰੀਆਂ ਸ਼ਰਤਾਂ ਮੰਨਜੂਰ ਹਨ। ਮੈਂ ਇਨ੍ਹਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੋਵਾਂਗਾ/ਹੋਵਾਂਗੀ। ਮੈਂ ਆਪਣੇ ਵਾਧੇ ਦੌਰਾਨ ਉਹੀ ਤਨਖਾਹ ਡਰਾਅ ਕਰਾਂਗਾ/ਕਰਾਂਗੀ, ਜੋ ਮੈਂ ਆਪਣੀ 58 ਸਾਲ ਦੀ ਉਮਰ ਪੂਰੀ ਹੋਣ ਤੇ ਡਰਾਅ ਕਰ ਰਿਹਾ/ਰਹੀ ਸੀ। ਇਸ ਤੋਂ ਵੱਧ ਕੀਤੀ ਗਈ ਅਦਾਇਗੀ ਵਸੂਲਣਯੋਗ ਹੋਵੇਗੀ। ਇਸ ਤੋਂ ਵੱਧ ਕੀਤੀ ਗਈ ਅਦਾਇਗੀ ਵਸੂਲਣਯੋਗ ਹੋਵੇਗੀ।"

ਹਸਤਾਖਰ